(i) Printed Pages : 3

Roll No. ................................

(ii) Questions : 6

Sub. Code : | 0 | 4 | 0 | 7 |

Exam. Code : | 0 | 0 | 0 | 5 |

**B.A. (General) 5th Semester**

**1128**

**PUNJABI (Elective)**

**Paper : Punjabi (Elective)**

**Time Allowed : Three Hours]** **[Maximum Marks : 90**

**ਨੋਟ :–** (1) ਸਾਫ਼ ਤੇ ਸਪਸ਼ਟ ਲਿਖੋ।

(2) ਵੱਖ-ਵੱਖ ਭਾਗਾਂ ਵਾਲੇ ਸਾਰੇ ਸਵਾਲ ਇਕੱਠੇ ਹੱਲ ਕਰੋ।

1. (ੳ) ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥
ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ॥
ਮਨ ਰੇ ਕਿਉ ਛੂਟਹਿ ਬਿਨ ਪਿਆਰ॥
ਗੁਰਮੁਖਿ ਅੰਤਰ ਰਵਿ ਰਹਿਆ ਬਖਸੈ ਭਗਤਿ ਭੰਡਾਰ॥

(ii) ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ॥
ਤੁਧ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ॥
ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਣਾ॥
ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ॥ 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :

(i) ਬੇੜਾ ਬੰਧਿ ਨ ਸਕਿਓ

(ii) ਫੁਲਾਂ ਕੀ ਬਾਗਾਤਿ। 10

2. (ੳ) ਨਾਟਕ 'ਮੁਇਆਂ ਸਾਰ ਨ ਕਾਈ' ਦੇ ਆਧਾਰ 'ਤੇ ਕਿਸੇ **ਇੱਕ** ਵਾਰਤਾਲਾਪ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) "ਮੈਨੂੰ ਇਹ ਫਰੰਗੀ ਕਿਉਂ ਦੁਖੀ ਕਰਦੇ ਨੇ ? ਏਸੇ ਲਈ ਨਾ, ਕਿ ਮੈਂ ਆਪਣੇ ਹੱਕ 'ਤੇ ਖੜ੍ਹੀ ਹਾਂ। ਮੈਂ ਆਪਣੇ ਪਤੀ ਦੇ ਰਾਜ ਨੂੰ, ਪੁੱਤਰ ਦੇ ਰਾਜ ਨੂੰ, ਭੰਗ ਦੇ ਭਾੜੇ ਜਾਂਦਾ ਸਹਾਰ ਨਹੀਂ ਸਕਦੀ। ਇਨ੍ਹਾਂ ਫਰੰਗੀਆਂ ਦਾ ਕੀ ਹੱਕ ਹੈ ਸਾਡੇ ਪੰਜਾਬ ਉੱਤੇ ਰਾਜ ਕਰਨ ਦਾ।"

(ii) "ਹਾਂ, ਵਿਕਟਰ! ਮੈਂ ਕੁੱਝ ਵੱਖਰੀ ਆਸ ਰੱਖਦਾ ਸਾਂ। ਪਰ ਮੈਨੂੰ ਪਤਾ ਹੋਣਾ ਚਾਹੀਦਾ ਸੀ ਕਿ ਜਿਸ ਕੌਮ ਦਾ ਰਾਜ਼ਾ ਮੇਰੇ ਜਿਹਾ ਨਾ-ਅਹਿਲ ਹੋਵੇ, ਉਸ ਕੌਮ ਦੇ ਸਰਦਾਰਾਂ ਜਾਂ ਸਾਧਾਰਨ ਲੋਕਾਂ ਪਾਸੋਂ ਤੁਸੀਂ ਕੀ ਬਿਹਤਰੀ ਦੀ ਆਸ ਰੱਖ ਸਕਦੇ ਹੋ ? ਮੈਂ ਉਨ੍ਹਾਂ ਲੋਕਾਂ ਨੂੰ ਦੋਸ਼ ਨਹੀਂ ਦੇਂਦਾ, ਦੋਸ਼ ਮੇਰੇ ਕਰਮਾਂ ਦਾ ਤੇ ਮੇਰਾ ਆਪਣਾ ਹੈ।"

10

(ਅ) ਨਾਟਕ 'ਮੁਇਆਂ ਸਾਰ ਨ ਕਾਈ' ਦੀ ਸਾਹਿਤਕ ਪਰਖ ਕਰੋ।

**ਜਾਂ**

ਨਾਟਕ 'ਮੁਇਆਂ ਸਾਰ ਨ ਕਾਈ' ਦੇ ਆਧਾਰ 'ਤੇ ਦਲੀਪ ਸਿੰਘ ਦਾ ਪਾਤਰ ਚਿਤਰਣ ਕਰੋ। 10

3. ਹੇਠ ਲਿਖੇ ਸਵਾਲਾਂ ਵਿੱਚੋਂ **ਪੰਜ** ਦੇ ਸੰਖੇਪ ਜਵਾਬ ਲਿਖੋ :

(ੳ) 'ਬਾਰਹਮਾਹ ਰਾਗੁ ਤੁਖਾਰੀ ਵਿੱਚੋਂ' ਵਿੱਚ ਪੇਸ਼ ਵਿਸਾਖ ਮਹੀਨੇ ਦੀ ਕੁਦਰਤ ਦਾ ਵਰਣਨ ਕਰੋ।

(ਅ) 'ਨਾ ਕੋ ਬੈਰੀ ਨਹੀ ਬਿਗਾਨਾ' ਦਾ ਕੇਂਦਰੀ ਭਾਵ ਲਿਖੋ।

(ੲ) 'ਕਲਿ ਆਈ ਕੁਤੇ ਮੁਹੀ' ਦਾ ਵਿਸ਼ਾ-ਵਸਤੂ ਲਿਖੋ।

(ਸ) 'ਗੋਬਿੰਦ ਭਾਉ ਭਗਤਿ ਦਾ ਭੁੱਖਾ' ਦਾ ਕੇਂਦਰੀ ਭਾਵ ਲਿਖੋ।

(ਹ) 'ਮੁਇਆਂ ਸਾਰ ਨ ਕਾਈ' ਨਾਟਕ ਦਾ ਉਦੇਸ਼ ਕੀ ਹੈ ?

(ਕ) ਸੰਤ ਸਿੰਘ ਮਹਾਰਾਣੀ ਜਿੰਦਾਂ ਨੂੰ ਇੰਗਲੈਂਡ ਭੇਜਣ ਦਾ ਵਿਰੋਧ ਕਿਉਂ ਕਰਦਾ ਹੈ ?

(ਖ) ਮਰਦੇ ਸਮੇਂ ਮਹਾਰਾਜਾ ਦਲੀਪ ਸਿੰਘ ਨੇ ਕੀ ਕਿਹਾ ?

(ਗ) ਵਿਕਟਰ ਦੇ ਪੰਜਾਬੀ ਕੌਮ ਬਾਰੇ ਕੀ ਵਿਚਾਰ ਸਨ ? 5×2=10

4. ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਹੇਠ ਲਿਖੇ ਸਵਾਲਾਂ ਵਿੱਚੋਂ ਚਾਰ ਦੇ ਜਵਾਬ (ਲੱਗਭੱਗ **50** ਸ਼ਬਦਾਂ ਵਿੱਚ) ਲਿਖੋ :

(ੳ) ਪੂਰਵ ਨਾਨਕ ਕਾਲ (ਆਦਿ ਕਾਲ) ਦੀਆਂ ਲੋਕ-ਵਾਰਾਂ ਕਿਹੜੀਆਂ ਹਨ ?

(ਅ) ਗੁਰੂ ਨਾਨਕ ਦੇਵ ਜੀ ਦੀਆਂ ਪ੍ਰਸਿੱਧ ਰਚਨਾਵਾਂ ਬਾਰੇ ਲਿਖੋ।

(ੲ) ਗੁਰੂ ਗ੍ਰੰਥ ਸਾਹਿਬ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਬਾਰੇ ਲਿਖੋ।

(ਸ) ਆਦਿ-ਗ੍ਰੰਥ ਵਿੱਚ ਕਿਹੜੇ-ਕਿਹੜੇ ਭਗਤਾਂ ਦੀ ਬਾਣੀ ਦਰਜ ਹੈ ?

(ਹ) ਗੁਰੂ ਨਾਨਕ ਕਾਲ ਵਿੱਚ ਲਿਖੀ ਗਈ ਵਾਰਤਕ ਨਾਲ ਜਾਣ-ਪਛਾਣ ਕਰਾਓ।

(ਕ) ਪੂਰਵ ਨਾਨਕ ਕਾਲ ਵਿੱਚ ਕਿਹੜੀ-ਕਿਹੜੀ ਕਾਵਿ-ਧਾਰਾ ਵਿਕਸਿਤ ਹੋਈ ?

5×4=20

5. ਭਾਰਤੀ ਕਾਵਿ ਸ਼ਾਸਤਰ ਦੇ ਸਿਧਾਂਤਾਂ ਵਿੱਚੋਂ **ਇੱਕ** 'ਤੇ ਨੋਟ ਲਿਖੋ :

(ੳ) ਰੀਤੀ ਸੰਪਰਦਾਇ (ਅ) ਔਚਿਤਯ ਸੰਪਰਦਾਇ 10

6. ਕਿਸੇ **ਇੱਕ** ਸਾਹਿਤ ਰੂਪ 'ਤੇ ਨੋਟ ਲਿਖੋ :

(ੳ) ਕਿੱਸਾ

(ਅ) ਵਾਰ 10